# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ,

ਸਰਕਾਰੀ / ਅਰਧ-ਸਰਕਾਰੀ / ਪ੍ਰਾਈਵੇਟ ਸਕੂਲ,

ਜ਼ਿਲ੍ਹਾ ਬਠਿੰਡਾ।

ਪੱਤਰ ਨੰਬਰ: ਜੀ-8/ਬੀ.ਬੀ/2026/06

ਮਿਤੀ-12/10/2026

ਵਿਸ਼ਾ: ਆਈ.ਆਈ.ਟੀ. ਰੋਪੜ (IIT Ropar) ਵਿਖੇ ਹੋਣ ਵਾਲੇ 'ਜੁਗਾੜਮੇਲਾ 5.0' (Jugaadmela 5.0) ਵਿੱਚ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਲਾਮਬੰਦੀ ਸਬੰਧੀ।

ਹਵਾਲਾ: ਡਿਪਟੀ ਕਮਿਸ਼ਨਰ, ਬਠਿੰਡਾ/ਜੁਗਨੀ ਇਨੋਵ ਫਾਊਂਡੇਸ਼ਨ ਦਾ ਪੱਤਰ ਮਿਤੀ 09.10.2026।

ਸ੍ਰੀਮਾਨ / ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਜੁਗਨੀ ਇਨੋਵ ਫਾਊਂਡੇਸ਼ਨ ਵੱਲੋਂ 03 ਨਵੰਬਰ 2026 ਨੂੰ ਆਈ.ਆਈ.ਟੀ. ਰੋਪੜ (IIT ROPAR) ਵਿਖੇ ਰਾਸ਼ਟਰੀ ਪੱਧਰ ਦਾ 'ਜੁਗਾੜਮੇਲਾ 5.0' ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੇਲੇ ਦਾ ਮੁੱਖ ਮਕਸਦ ਸਕੂਲੀ ਵਿਦਿਆਰਥੀਆਂ ਅੰਦਰਲੇ ਨਵੀਨਤਾਕਾਰੀ ਵਿਚਾਰਾਂ (innovative ideas) ਅਤੇ ਸਮੱਸਿਆਵਾਂ ਦੇ ਹੱਲ ਲੱਭਣ ਵਾਲੀਆਂ ਯੋਗਤਾਵਾਂ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਸਬੰਧੀ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ:

1. ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਇਸ ਮੌਕੇ ਬਾਰੇ ਜਾਗਰੂਕ ਕੀਤਾ ਜਾਵੇ।

2. ਵਿਗਿਆਨ, ਤਕਨਾਲੋਜੀ ਅਤੇ ਵਿਹਾਰਕ ਸਮੱਸਿਆ-ਹੱਲ (practical problem-solving) ਵਿੱਚ ਰੁਚੀ ਰੱਖਣ ਵਾਲੇ ਹੋਣਹਾਰ ਵਿਦਿਆਰਥੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਅਪਲਾਈ ਕਰਨ ਅਤੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

3. ਚੁਣੇ ਗਏ/ਇੱਛੁਕ ਵਿਦਿਆਰਥੀਆਂ ਦੀਆਂ ਅਰਜ਼ੀਆਂ ਅਤੇ ਨਾਮਜ਼ਦਗੀਆਂ ਸਮੇਂ ਸਿਰ ਮੁਕੰਮਲ ਕਰਵਾਈਆਂ ਜਾਣ।

ਇਸ ਮੌਕੇ ਨਾਲ ਸਬੰਧਤ ਹੋਰ ਵੇਰਵੇ ਅਤੇ ਅਪਲਾਈ ਕਰਨ ਦੀ ਜਾਣਕਾਰੀ ਲਈ ਆਯੋਜਕਾਂ ਦੀ ਅਧਿਕਾਰਤ ਵੈੱਬਸਾਈਟ https://jugninnov.com ਜਾਂ ਮੋਬਾਈਲ ਨੰਬਰ 8360101485 / ਈਮੇਲ jugninnov@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

12/10/26

ਜ਼ਿਲ੍ਹਾ ਸਿੱਖਿਆ ਅਫ਼ਸਰ,(ਸੈ.ਸਿ)

ਬਠਿੰਡਾ।

12/10/26

ਉਤਾਰਾ:

1. ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਸੂਚਨਾ ਹਿੱਤ।

2. ਜੁਗਨੀ ਇਨੋਵ ਫਾਊਂਡੇਸ਼ਨ, ਰੋਪੜ।